# ਮਾਡਲ ਟੈਸਟ ਪੇਪਰ

# ਰਾਜਨੀਤੀ ਸ਼ਾਸਤਰ

# ਸ਼੍ਰੇਣੀ ਬਾਰ੍ਹਵੀਂ

**(2025-26)**

**ਸ਼ਮਾ 3 ਘੰਟੇ** **ਕੁੱਲ ਅੰਕ 80**

1. ਪ੍ਰਸ਼ਨ ਪੱਤਰ 5 ਭਾਗਾਂ (ੳ, ਅ, ੲ, ਸ, ਹ) ਵਿੱਚ ਵੰਡਿਆਂ ਗਿਆ ਹੈ।
2. ਭਾਗ-ੳ ਪ੍ਰਸ਼ਨ ਨੰਬਰ 1 ਦੇ 10 ਉਪਭਾਗ ਹਨ । ਹਰ ਪ੍ਰਸ਼ਨ 1 ਅੰਕ ਦਾ ਹੈ।
3. ਭਾਗ-ਅ ਪ੍ਰਸ਼ਨ ਨੰਬਰ 2 ਦੇ 10 ਉਪਭਾਗ ਹਨ । ਹਰ ਪ੍ਰਸ਼ਨ 1 ਅੰਕ ਦਾ ਹੈ।
4. ਭਾਗ-ੲ ਪ੍ਰਸ਼ਨ ਨੰਬਰ 3 ਵਿੱਚ ਸਰੋਤ ਆਧਾਰਿਤ ਪ੍ਰਸ਼ਨ ਦੇ 2 ਉਪਭਾਗ ਹਨ । ਹਰ ਉਪਭਾਗ ਵਿੱਚ ਛੇ ਪ੍ਰਸ਼ਨ ਹਨ। ਹਰ ਪ੍ਰਸ਼ਨ 1 ਅੰਕ ਦਾ ਹੈ।
5. ਭਾਗ-ਸ ਪ੍ਰਸ਼ਨ ਨੰਬਰ 4 ਵਿੱਚ ਕੋਈ 6 ਪ੍ਰਸ਼ਨ ਕਰਨੇ ਹਨ । ਹਰੇਕ ਪ੍ਰਸ਼ਨ ਦਾ ਉੱਤਰ 80-100 ਸ਼ਬਦਾਂ ਵਿੱਚ ਦੇਣਾ ਹੈ । ਹਰ ਪ੍ਰਸ਼ਨ 4 ਅੰਕ ਦਾ ਹੈ।
6. ਭਾਗ-ਹ ਪ੍ਰਸ਼ਨ ਨੰਬਰ 5 ਵਿੱਚ 100% ਅੰਦਰੂਨੀ ਛੋਟ ਵਾਲੇ 3 ਪ੍ਰਸ਼ਨ ਹਨ । ਹਰੇਕ ਪ੍ਰਸ਼ਨ ਦਾ ਉੱਤਰ 150-200 ਸ਼ਬਦਾਂ ਵਿੱਚ ਦੇਣਾ ਹੈ। ਹਰ ਪ੍ਰਸ਼ਨ 8 ਅੰਕ ਦਾ ਹੈ।

## ਭਾਗ-ੳ

**ਬਹੁਵਿਕਲਪੀ ਪ੍ਰਸ਼ਨ :-** 10x 1 = 10

(i) ਹੇਠ ਲਿਖਿਆਂ ਵਿੱਚੋਂ ਕਿਹੜਾ ਕਥਨ ਸਹੀ ਨਹੀਂ ਹੈ:-

(ੳ) ਨੌਕਰਸ਼ਾਹੀ ਦਾ ਅਧਿਐਨ ਤੁਲਨਾਤਮਕ ਰਾਜਨੀਤੀ ਦਾ ਵਿਸ਼ਾ ਵਸਤੂ ਹੈ।

(ਅ) ਤੁਲਨਾਤਮਕ ਰਾਜਨੀਤੀ ਅੰਤਰ ਵਿਸ਼ਾ ਅਧਿਐਨ 'ਤੇ ਜੋਰ ਨਹੀਂ ਦਿੰਦੀ ।

(ੲ) ਤੁਲਨਾਤਮਕ ਰਾਜਨੀਤੀ ਸਿਧਾਂਤ ਨਿਰਮਾਣ ਦੀ ਖੋਜ ਹੈ।

(ਸ) ਤੁਲਨਾਤਮਕ ਰਾਜਨੀਤੀ ਵਿਚਾਰਧਾਰਾਵਾਂ ਦੇ ਅਧਿਐਨ ਤੇ ਜੋਰ ਦਿੰਦੀ ਹੈ।

(ii) ਹੇਠ ਲਿਖੇ ਕਥਨਾਂ 'ਤੇ ਵਿਚਾਰ ਕਰੋ ਅਤੇ ਉੱਤਰ ਦਿਓ:-

X: ਰਾਜਨੀਤਿਕ ਸਮਾਜੀਕਰਨ ਦੀ ਧਾਰਨਾ ਸਮਾਜ ਸ਼ਾਸਤਰ ਤੋਂ ਲਈ ਗਈ ਹੈ।

Y: ਰਾਜਨੀਤੀ ਸਮਾਜੀਕਰਨ ਦੀ ਧਾਰਨਾ ਰਾਜਨੀਤੀ ਵਿਗਿਆਨ ਤੋਂ ਲਈ ਗਈ ਹੈ।

(ੳ) X ਸਹੀ ਹੈ ਅਤੇ Y ਗਲਤ ਹੈ। (ਅ) X ਗਲਤ ਹੈ ਅਤੇ Y ਸਹੀ ਹੈ।

(ੲ) X ਅਤੇ Y ਦੋਵੇਂ ਸਹੀ ਹਨ । (ਸ) X ਅਤੇ Y ਦੋਵੇਂ ਗਲਤ ਹਨ।

(iii) ਹੇਠ ਲਿਖਿਆ ਵਿੱਚੋਂ ਕਿਹੜਾ ਜੁੱਟ ਗਲਤ ਹੈ:-

| | ਦਲ ਪ੍ਰਣਾਲੀ | ਦੇਸ਼ |
|---|---|---|
| ੳ | ਇੱਕ ਦਲ ਪ੍ਰਣਾਲੀ | ਚੀਨ |
| ਅ | ਦੋ ਦਲ ਪ੍ਰਣਾਲੀ | ਇੰਗਲੈਂਡ |
| ੲ | ਬਹੁ ਦਲ ਪ੍ਰਣਾਲੀ | ਭਾਰਤ |
| ਸ | ਰਾਜਤੰਤਰ | ਰੂਸ |

(iv) ਹੇਠ ਲਿਖਿਆਂ ਵਿੱਚੋਂ ਸਹੀ ਕਥਨ ਦੀ ਪਹਿਚਾਣ ਕਰੋ:-

(ੳ) ਨੌਕਰਸ਼ਾਹੀ ਨੂੰ ਕਾਨੂੰਨੀ ਮਾਨਤਾ ਨਹੀਂ ਹੁੰਦੀ।

(ਅ) ਨੌਕਰਸ਼ਾਹੀ ਨਿਰਪੱਖ ਹੁੰਦੀ ਹੈ।

(ੲ) ਨੌਕਰਸ਼ਾਹੀ ਦੀ ਮਿਆਦ ਨਿਸ਼ਚਿਤ ਨਹੀਂ ਹੁੰਦੀ।

(ਸ) ਨੌਕਰਸ਼ਾਹੀ ਸਰਹੱਦਾਂ ਦੀ ਰਾਖੀ ਕਰਦੀ ਹੈ।

(v)ਜਾਣਕਾਰੀ ਨੂੰ ਧਿਆਨ ਨਾਲ ਪੜ੍ਹੋ ਤੇ ਉੱਤਰ ਦਿਓ-:

| | |
|---|---|
| 1.ਦਾਸ ਕੈਪੀਟਲ | (i) ਕਾਰਲ ਮਾਰਕਸ |
| 2. ਰਾਜਨੀਤੀ ਵਿੱਚ ਮਨੁੱਖੀ ਸੁਭਾਅ | (ii) ਗ੍ਰਾਹਮ ਵਾਲਸ |
| 3. ਸ਼ਾਸਨ ਦੀ ਪ੍ਰਕਿਰਿਆ | (iii) ਆਰਥਰ ਬੈਂਟਲੇ |
| 4. ਸ਼ਾਸਨ ਉੱਤੇ ਦੋ ਨਿਬੰਧ ਜਾਹਨ ਲਾਕ | (iv) ਜਾਹਨ ਲਾਕ |

| | 1 | 2 | 3 | 4 |
|---|---|---|---|---|
| (ੳ) | (iii) | (iv) | (i) | (ii) |
| (ਅ) | (iv) | (iii) | (i) | (ii) |
| (ੲ) | (i) | (ii) | (iii) | (iv) |
| (ਸ) | (iv) | (ii) | (iii) | (i) |

(vi) ਹੇਠ ਲਿਖਿਆਂ ਵਿੱਚੋਂ ਕਿਹੜੀ ਸੰਸਦੀ ਸਰਕਾਰ ਦੀ ਵਿਸ਼ੇਸ਼ਤਾ ਹੈ:-

(ੳ) ਰਾਸ਼ਟਰਪਤੀ ਅਸਲੀ ਕਾਰਜ ਸਾਦਕ ਮੁਖੀ ਹੁੰਦਾ ਹੈ।

(ਅ) ਮੰਤਰੀ ਪ੍ਰੀਸ਼ਦ ਸਮੂਹਿਕ ਜਿੰਮੇਵਾਰੀ ਦੇ ਸਿਧਾਂਤ ਤੇ ਕੰਮ ਕਰਦੀ ਹੈ।

(ੲ) ਕਾਰਜਪਾਲਿਕਾ ਅਤੇ ਵਿਧਾਨਕੀ ਸ਼ਕਤੀਆਂ ਵਿਚਕਾਰ ਕੋਈ ਸੰਬੰਧ ਨਹੀਂ।

(ਸ) ਵਿਧਾਨ ਪਾਲਿਕਾ ਦਾ ਕਾਰਜਕਾਲ ਨਿਸ਼ਚਿਤ ਹੁੰਦਾ ਹੈ।

(vii) ਹੇਠ ਲਿਖਿਆ ਵਿੱਚੋਂ ਕਿਹੜੀ ਭਾਰਤ ਵਿੱਚ ਰਾਸ਼ਟਰੀ ਏਕੀਕਰਨ ਦੀ ਸਮੱਸਿਆ ਨਹੀਂ ਹੈ:-

(ੳ) ਸੁਚੇਤ ਨਾਗਰਿਕ
(ਅ) ਗਰੀਬੀ

(ੲ) ਰਾਸ਼ਟਰੀ ਆਚਰਨ ਦੀ ਘਾਟ
(ਸ) ਭ੍ਰਿਸ਼ਟਾਚਾਰ

(viii) ਹੇਠ ਲਿਖਿਆ ਵਿੱਚੋਂ ਕਿਹੜਾ ਜੁੱਟ ਗਲਤ ਹੈ:-

| | ਕਥਨ | ਵਿਦਵਾਨ |
|---|---|---|
| (ੳ) | ਭਾਰਤ ਵਿੱਚ ਜਾਤੀ ਪ੍ਰਣਾਲੀ ਕੇਵਲ ਕਿਰਤ ਦੀ ਵੰਡ ਨਹੀਂ ਹੈ ਸਗੋਂ ਇਹ ਕਿਰਤੀਆਂ ਦੀ ਵੰਡ ਹੈ। | ਬੀ ਆਰ ਅੰਬੇਦਕਰ |
| (ਅ) | ਜਾਤੀ ਭਾਰਤ ਵਿੱਚ ਸਭ ਤੋਂ ਵੱਡਾ ਰਾਜਨੀਤਿਕ ਦਲ ਹੈ। | ਜੈ ਪ੍ਰਕਾਸ਼ ਨਾਰਾਇਣ |
| (ੲ) | ਜਾਤੀ ਸਮਾਜਿਕ ਵਰਗ ਸੰਗਠਨ ਦਾ ਕਠੋਰ ਰੂਪ ਹੈ। | ਡੀ ਡੀ ਬਾਸੂ |
| (ਸ) | ।ਸੰਪਰਦਾਇਕਤਾ ਨੂੰ ਆਮ ਤੌਰ ਤੇ ਕਿਸੇ ਧਾਰਮਿਕ ਸਮੂਹ ਦੇ ਸੌੜੇ, ਸਵਾਰਥੀ, ਵੰਡਾਤਮਕ ਅਤੇ ਆਕਰਮਣਸੀਲ ਦ੍ਰਿਸ਼ਟੀਕੋਣ ਨਾਲ ਜੋੜਿਆ ਜਾਂਦਾ ਹੈ। | ਡੀ ਈ ਸਮਿੱਥ |

(ix) ਹੇਠ ਲਿਖੀਆਂ ਘਟਨਾਵਾਂ ਦਾ ਸਹੀ ਕਾਲਕ੍ਰਮ ਦੱਸੋ:-

(i)ਭਾਰਤ ਦੁਆਰਾ ਸਾਮਵਾਦੀ ਚੀਨ ਨੂੰ ਮਾਨਤਾ (ii)ਭਾਰਤ ਦੁਆਰਾ ਪਹਿਲਾ ਪਰਮਾਣੂ ਧਮਾਕਾ

(iii) ਅਮਰੀਕਾ ਦੁਆਰਾ ਭਾਰਤ ਨਾਲ ਪਰਮਾਣੂ ਸੰਧੀ ਕਰਨਾ (iv) ਬਰਾਕ ਓਬਾਮਾ ਦੀ ਭਾਰਤ ਯਾਤਰਾ

| | | | | |
|---|---|---|---|---|
| (ੳ) | (ii) | (iii) | (i) | (iv) |
| (ਅ) | (iv) | (i) | (ii) | (iii) |
| (ੲ) | (i) | (ii) | (iii) | (iv) |
| (ਸ) | (iii) | (iv) | (i) | (ii) |

(x)ਸੰਯੁਕਤ ਰਾਸ਼ਟਰ ਦੁਆਰਾ ਨਿਸ਼ੱਸਤਰੀਕਰਨ ਅਯੋਗ ਦਾ ਗਠਨ ਕਦੋਂ ਕੀਤਾ ਗਿਆ?

(ੳ) 1952 (ਅ) 1954

(ੲ) 1956 (ਸ) 1958

**ਭਾਗ (ਅ)** 10x 1 = 10

**2. ਹਰੇਕ ਪ੍ਰਸ਼ਨ ਦਾ ਉੱਤਰ ਇੱਕ ਸ਼ਬਦ ਜਾਂ ਲਾਇਨ ਵਿੱਚ ਦਿਓ :-**

(i) ਵਾਧੂ ਮੁੱਲ ਦਾ ਸਿਧਾਂਤ ਕਿਸ ਨੇ ਦਿੱਤਾ ਹੈ?

(ii) ਮਹਾਤਮਾ ਗਾਂਧੀ ਜੀ ਦਾ ਰਾਜਨੀਤਿਕ ਗੁਰੂ ਕੌਣ ਸੀ?

(iii) ਵਿਸ਼ਵ ਭਰ ਵਿੱਚ ਮਨੁੱਖੀ ਅਧਿਕਾਰ ਦਿਵਸ ਕਦੋਂ ਮਨਾਇਆ ਜਾਂਦਾ ਹੈ?

(iv) ਵਰਤਮਾਨ ਸਮੇਂ ਵਿੱਚ ਸੰਯੁਕਤ ਰਾਸ਼ਟਰ ਦੇ ਕਿੰਨੇ ਮੈਂਬਰ ਹਨ?

(v) ਰਾਸ਼ਟਰਵਾਦੀ ਕਾਂਗਰਸ ਪਾਰਟੀ ਦਾ ਚੋਣ ਨਿਸ਼ਾਨ ਕੀ ਹੈ?

**ਖ਼ਾਲੀ ਥਾਵਾਂ ਭਰੋ:-**

(vi)---------- ਰਾਜ ਦੀ ਸਰਵ-ਉੱਚ ਸ਼ਕਤੀ ਦੀ ਵਰਤੋਂ ਕਰਦੀ ਹੈ।

(vii) ਰਾਜਨੀਤਕ ਪ੍ਰਨਾਲੀ ਦੀ ਧਾਰਨਾ ------ਨੇ ਦਿੱਤੀ।

(viii) ਰਾਸ਼ਟਰਪਤੀ ਦਾ ਮੁੱਖ ਸਲਾਹਕਾਰ -------- ਹੁੰਦਾ ਹੈ।

**ਸਹੀ/ਗਲਤ ਦੀ ਪਹਿਚਾਣ ਕਰੋ:-**

(ix) 61ਵੀਂ ਸੰਵਿਧਾਨਿਕ ਸੋਧ 1989 ਈ: ਵਿੱਚ ਹੋਈ। (ਸਹੀ/ਗਲਤ)

(x) ਸੰਕਟ ਕਾਲ ਦੇ ਦੌਰਾਨ ਮੌਲਿਕ ਅਧਿਕਾਰ ਮੁਅੱਤਲ ਨਹੀਂ ਕੀਤੇ ਜਾ ਸਕਦੇ। (ਸਹੀ/ਗਲਤ)

**ਭਾਗ (ੲ)** **6 x 2 = 12**

**3. ਹੇਠ ਦਿੱਤੇ ਪੈਰ੍ਹੇ ਨੂੰ ਧਿਆਨ ਨਾਲ ਪੜ੍ਹਕੇ ਹੇਠ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ :-** **6 x 1 = 6**

(ੳ) ਭਾਰਤ ਪਾਕਿਸਤਾਨ ਸੰਬੰਧਾਂ ਵਿਚਕਾਰ ਤਣਾਅ ਦਾ ਮੁੱਖ ਕਾਰਨ ਕਸ਼ਮੀਰ ਸਮੱਸਿਆ ਹੈ। 1947 ਵਿੱਚ ਸੁਤੰਤਰਤਾ ਪ੍ਰਾਪਤੀ ਤੋਂ ਪਿੱਛੋਂ ਪਾਕਿਸਤਾਨ ਦੁਆਰਾ ਕਸ਼ਮੀਰ 'ਤੇ ਆਪਣਾ ਅਧਿਕਾਰ ਜਮਾਉਣ ਲਈ ਅਕਤੂਬਰ, 1947 ਵਿੱਚ ਸਸਤਰਧਾਰੀ ਕਬਾਇਲੀਆਂ ਦੁਆਰਾ ਕਸ਼ਮੀਰ 'ਤੇ ਹਮਲਾ ਕਰ ਦਿੱਤਾ ਗਿਆ ਸੀ । ਪਰੰਤੂ 26 ਅਕਤੂਬਰ, 1947 ਨੂੰ ਕਸ਼ਮੀਰ ਦੇ ਮਹਾਰਾਜਾ ਹਰੀ ਸਿੰਘ ਦੁਆਰਾ ਕਸ਼ਮੀਰ ਦੇ ਭਾਰਤ ਵਿੱਚ ਸਾਮਲ ਕੀਤੇ ਜਾਣ ਦੀ ਘੋਸ਼ਣਾ ਕਰ ਦਿੱਤੀ ਗਈ ਸੀ। ਜਿਸ ਦੇ ਨਤੀਜੇ ਵਜੋਂ ਭਾਰਤ ਨੇ ਆਪਣੀਆ ਫੌਜਾ ਭੇਜ ਕੇ ਪਾਕਿਸਤਾਨੀ ਘੁੱਸਪੈਠੀਆ ਨੂੰ ਪਿਛੇ ਧੱਕਣਾ ਆਰੰਭ ਕਰ ਦਿੱਤਾ ਗਿਆ ਸੀ ਅਤੇ ਕਸ਼ਮੀਰ ਦਾ ਬਹੁਤ ਸਾਰਾ ਖੇਤਰ ਉਹਨਾਂ ਤੋਂ ਖਾਲੀ ਕਰਵਾ ਲਿਆ ਗਿਆ ਸੀ । ਪਰੰਤੂ ਛੇਤੀ ਹੀ ਭਾਰਤ ਦੁਆਰਾ ਯੁੱਧ ਬੰਦੀ ਦੀ ਘੋਸ਼ਣਾ ਕੀਤੀ ਗਈ ਸੀ ਅਤੇ ਕਸ਼ਮੀਰ ਮਸਲੇ ਨੂੰ ਸੰਯੁਕਤ ਰਾਸ਼ਟਰ ਦੁਆਰਾ ਹੱਲ ਕੀਤੇ ਜਾਣ ਤੇ ਸਹਿਮਤੀ ਪ੍ਰਗਟ ਕੀਤੀ ਗਈ।ਪਰੰਤੂ ਕਸ਼ਮੀਰ ਦਾ ਲੱਗ-ਭੱਗ 1/3 ਭਾਗ ਪਾਕਿਸਤਾਨ ਦੇ ਕਬਜ਼ੇ ਹੇਠ ਰਹਿ ਗਿਆ ਸੀ ਜਿਸ ਨੂੰ ਪਾਕਿਸਤਾਨ ਵਾਲੇ ਆਜਾਦ ਕਸ਼ਮੀਰ' ਅਤੇ ਭਾਰਤ ਵਿੱਚ ਮਕਬੂਜਾ ਕਸ਼ਮੀਰ ਕਿਹਾ ਜਾਂਦਾ ਹੈ। ਭਾਰਤ ਕਸ਼ਮੀਰ ਦਾ ਪਾਕਿਸਤਾਨ ਦੁਆਰ ਜ਼ਬਰਦਸਤੀ ਖੋਹਿਆ ਹੋਇਆ ਇਲਾਕਾ ਵਾਪਿਸ ਲੈਣਾ ਚਾਹੁੰਦਾ ਹੈ ਜਦੋਂਕਿ ਪਾਕਿਸਤਾਨ ਸਮੁੱਚੇ ਕਸ਼ਮੀਰ 'ਤੇ ਆਪਣਾ ਦਾਅਵਾ ਪ੍ਰਗਟ ਕਰ ਰਿਹਾ ਹੈ ਅਤੇ ਇਸ ਤਰ੍ਹਾਂ ਇਹ ਸਮੱਸਿਆ ਅੱਜ ਤੱਕ ਦੋਵਾਂ ਦੇਸ਼ਾਂ ਵਿਚਕਾਰ ਤਣਾਅ ਦਾ ਕਾਰਨ ਬਣੀ ਹੋਈ ਹੈ।

(i) ਪਾਕਿਸਤਾਨ ਦੁਆਰਾ ਕਸ਼ਮੀਰ 'ਤੇ ਆਪਣਾ ਅਧਿਕਾਰ ਜਮਾਉਣ ਲਈ ਕੀ ਕੀਤਾ ਗਿਆ ਸੀ?

(ii) ਭਾਰਤ ਕਸ਼ਮੀਰ ਦਾ ਕਿਹੜਾ ਇਲਾਕਾ ਵਾਪਿਸ ਲੈਣਾ ਚਾਹੁੰਦਾ ਹੈ?

(iii) ਭਾਰਤ ਨੇ ਕਸ਼ਮੀਰ ਦਾ ਮਸਲਾ ਕਿਵੇਂ ਹੱਲ ਕੀਤੇ ਜਾਣ ਤੇ ਸਹਿਮਤੀ ਪ੍ਰਗਟ ਕੀਤੀ ਹੈ?

(iv) ਕਸ਼ਮੀਰ ਦਾ ਕਿੰਨਾ ਭਾਗ ਪਾਕਿਸਤਾਨ ਦੇ ਕਬਜ਼ੇ ਹੇਠ ਰਹਿ ਗਿਆ ਸੀ?

(v) ਭਾਰਤ ਨੇ ਆਪਣੀਆ ਫੌਜਾ ਭੇਜ ਕੇ ਕੀ ਕੀਤਾ?

(vi) ਪਾਕਿਸਤਾਨ ਦੇ ਕਬਜ਼ੇ ਹੇਠ ਰਹਿ ਗਏ ਕਸ਼ਮੀਰ ਨੂੰ ਭਾਰਤ ਵਿੱਚ ਕੀ ਕਿਹਾ ਜਾਂਦਾ ਹੈ?

**ਹੇਠ ਦਿੱਤੇ ਪੈਰੇ ਨੂੰ ਧਿਆਨ ਨਾਲ ਪੜ੍ਹਕੇ ਹੇਠ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ :-** **6 x 1 = 6**

(ਅ) ਬਾਰਵੀਂ ਕਲਾਸ ਦੇ ਰਾਜਨੀਤੀ ਵਿਗਿਆਨ ਦੇ ਅਧਿਆਪਕ ਨੇ ਵਿਦਿਆਰਥੀਆਂ ਦੇ ਭਾਸ਼ਣ ਮੁਕਾਬਲੇ ਕਰਵਾਏ। ਬਲਜੀਤ ਸਿੰਘ ਨੂੰ ਉਸ ਸ਼ਖ਼ਸੀਅਤ ਬਾਰੇ ਭਾਸ਼ਣ ਦੇਣ ਲਈ ਕਿਹਾ ਗਿਆ ਜੋ ਸੰਵਿਧਾਨ ਦੀ ਮਸੌਦਾ ਕਮੇਟੀ ਦੇ ਪ੍ਰਧਾਨ ਸਨ। ਸੁਰਜੀਤ ਨੂੰ ਸੰਸਦ ਦੇ ਅਸਥਾਈ ਸਦਨ ਬਾਰੇ ਬੋਲਣ ਲਈ ਕਿਹਾ ਗਿਆ। ਨੇਹਾ ਨੂੰ ਸੰਵਿਧਾਨ ਦੀ 73ਵੀਂ ਸੋਧ ਬਾਰੇ ਬੋਲਣ ਲਈ ਆਖਿਆ ਗਿਆ। ਹਰਿੰਦਰ ਨੂੰ ਵੱਖ ਵੱਖ ਰਾਜਨੀਤਿਕ ਦਲਾਂ ਨੂੰ ਮਾਨਤਾ ਦੇਣ ਤੇ ਚੋਣ ਨਿਸ਼ਾਨ ਅਲਾਟ ਕਰਨ ਦੀ ਪ੍ਰਕਿਰਿਆ ਬਾਰੇ ਭਾਸ਼ਣ ਦੇਣ ਲਈ ਕਿਹਾ ਗਿਆ।ਕਮਲ ਨੂੰ ਸੰਸਦ ਦੇ ਸਥਾਈ ਸਦਨ ਬਾਰੇ ਬੋਲਣ ਲਈ ਕਿਹਾ ਗਿਆ ।

(1) ਅਪਣੇ ਭਾਸ਼ਣ ਵਿੱਚ ਪੰਚਾਇਤੀ ਰਾਜ ਐਕਟ ਬਾਰੇ ਚਰਚਾ ਕਿਸ ਵਿਦਿਆਰਥੀ ਨੇ ਕੀਤੀ ਹੋਵੇਗੀ ?

(ii) ਅਪਣੇ ਭਾਸ਼ਣ ਵਿੱਚ ਲੋਕ ਸਭਾ ਦੀ ਚਰਚਾ ਕਿਸ ਵਿਦਿਆਰਥੀ ਨੇ ਕੀਤੀ ਹੋਵੇਗੀ ?

(iii) ਆਪਣੇ ਭਾਸ਼ਣ ਵਿੱਚ ਡਾ ਬੀ ਆਰ ਅੰਬੇਡਕਰ ਦੀ ਚਰਚਾ ਕਿਸ ਵਿਦਿਆਰਥੀ ਨੇ ਕੀਤੀ ਹੋਵੇਗੀ ?

(iv) ਅਪਣੇ ਭਾਸ਼ਣ ਵਿੱਚ ਭਾਰਤੀ ਚੋਣ ਕਮਿਸ਼ਨ ਬਾਰੇ ਚਰਚਾ ਕਿਸ ਵਿਦਿਆਰਥੀ ਨੇ ਕੀਤੀ ਹੋਵੇਗੀ ?

(v) ਕਿਹੜਾ ਵਿਦਿਆਰਥੀ ਸੰਸਦ ਦੇ ਉੱਚ ਸਦਨ ਬਾਰੇ ਬੋਲੇਗਾ ?

(vi) ਅਪਣੇ ਭਾਸ਼ਣ ਵਿੱਚ ਲੋਕ ਸਭਾ ਬਾਰੇ ਚਰਚਾ ਕਿਸ ਵਿਦਿਆਰਥੀ ਨੇ ਕੀਤੀ ਹੋਵੇਗੀ ?

**ਭਾਗ (ਸ)** **6 x 4 = 24**

**4. ਕੋਈ ਛੇ ਪ੍ਰਸ਼ਨ ਕਰੋ। ਹਰੇਕ ਪ੍ਰਸ਼ਨ ਦਾ ਉੱਤਰ 80-100 ਸ਼ਬਦਾਂ ਵਿੱਚ ਦਿਓ** :-

(i) ਰਾਜਨੀਤਿਕ ਪ੍ਰਣਾਲੀ ਦੀ ਅਰਥ ਦੱਸੋ?

(ii) ਉਦਾਰਵਾਦ ਦੇ ਤਿੰਨ ਮੌਲਿਕ ਸਿਧਾਂਤਾਂ ਦੀ ਵਿਆਖਿਆ ਕਰੋ।

(iii) ਮਹਾਤਮਾ ਗਾਂਧੀ ਦਾ ਅਮਾਨਤੀ ਸਿਧਾਂਤ ਕੀ ਸੀ?

(iv) ਨੌਕਰਸ਼ਾਹੀ ਦੇ ਸ਼ਬਦ ਦੀ ਅਰਥ ਲਿਖੋ?

(v) ਭਰਤੀ ਤੋਂ ਤੁਹਾਡਾ ਕੀ ਭਾਵ ਹੈ?

(vi) ਬੇਰੁਜ਼ਗਾਰੀ ਦਾ ਭਾਰਤੀ ਲੋਕਤੰਤਰ ਤੇ ਕੀ ਪ੍ਰਭਾਵ ਹੈ?

(vii) ਪੰਚਾਇਤ ਸੰਮਤੀ ਤੇ ਨੋਟ ਲਿਖੋ।

(viii) ਨਗਰ ਪੰਚਾਇਤ ਦੀ ਬਣਤਰ ਲਿਖੋ ਚੋਣ ਅਯੋਗ ਦੀ ਰਚਨਾ ਬਾਰੇ ਲਿਖੋ।

(ix) ਵਿਦੇਸ਼ ਨੀਤੀ ਤੋਂ ਤੁਹਾਡਾ ਕੀ ਭਾਵ ਹੈ? ਸ਼ਾਰਕ ਦੇ ਕੀ ਉਦੇਸ਼ ਹਨ?

**ਭਾਗ (ਹ)** **3x 8 = 24**

**5. ਹਰੇਕ ਪ੍ਰਸ਼ਨ ਦਾ ਉੱਤਰ 150- 200 ਸ਼ਬਦਾਂ ਵਿੱਚ ਲਿਖੋ :-**

(i) ਰਾਜਨੀਤਿਕ ਸਮਾਜੀਕਰਨ ਕੀ ਹੈ? ਆਧੁਨਿਕ ਸਮੇਂ ਵਿੱਚ ਸੋਸਲ ਮੀਡੀਆ ਦੀ ਰਾਜਨੀਤਿਕ ਸਮਾਜੀਕਰਨ ਦੇ ਇੱਕ ਏਜੰਟ ਵਜੋਂ ਭੂਮਿਕਾ ਦਾ ਵਿਸ਼ਲੇਸ਼ਣ ਕਰੋ।

ਜਾਂ

ਕਾਰਲ ਮਾਰਕਸ ਦੇ ਵਿਚਾਰਾਂ ਨੂੰ ਭਾਰਤ ਦੇ ਸੰਦਰਭ ਵਿੱਚ ਪਰਖੋ।

(ii) ਕੀ ਭਾਰਤੀ ਨਾਗਰਿਕ ਬਾਲਗ ਵੋਟ ਦੇ ਅਧਿਕਾਰ ਦੀ ਸੁਤੰਤਰ ਵਰਤੋਂ ਕਰਦੇ ਹਨ? ਇਸਦੇ ਪੱਖ ਅਤੇ ਵਿਰੋਧ ਵਿੱਚ ਦਲੀਲਾਂ ਦਿਓ ।

ਜਾਂ

ਆਧੁਨਿਕ ਸਮੇਂ ਵਿੱਚਗ੍ਰਾਮ ਪੰਚਾਇਤ ਦੀ ਚੋਣ ਵਿੱਚ ਉਭਰਦੇ ਰੁਝਾਨਾਂ ਦੀ ਚਰਚਾ ਕਰੋ।

(iii) ਭਾਰਤ ਵਿੱਚ ਰਾਜਨੀਤਿਕ ਦਲਾਂ ਲਈ ਲੀਡਰਸ਼ਿਪ ਦੇ ਸੰਕਟ ਦਾ ਪੰਜਾਬ ਦੇ ਸੰਦਰਭ ਵਿੱਚਮੁੱਲਾਂਕਣ ਕਰੋ।

ਜਾਂ

ਭਾਰਤ-ਪਾਕਿਸਤਾਨ ਸਬੰਧਾਂ ਦੇ ਸੰਦਰਭ ਵਿੱਚਸ਼ਾਰਕ ਦੀਆਂ ਸਮੱਸਿਆਵਾਂ ਦਾ ਵਿਸ਼ਲੇਸਣ ਕਰੋ।।